# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਦੀਦੀ — ਸੁਸ਼ੀਲਾ

ਮਲਵਿੰਦਰ ਜੀਤ ਸਿੰਘ ਵੜੈਚ

**ਪਿਛੋਕੜ:** ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, 1921-23 ਦੌਰਾਨ ਭਗਤ ਸਿੰਘ, ਸੁਖਦੇਵ, ਯਸ਼ਪਾਲ, ਭਗਵਤੀ ਚਰਨ ਵੋਹਰਾ ਸਾਰੇ ਨੇਸ਼ਨਲ ਕਾਲੇਜ ਲਾਹੋਰ ਦੇ ਵਿਦਿਆਰਥੀ ਰਹੇ ਸਨ। ਇਹਨਾਂ 'ਚੋਂ ਬਾਕੀ ਸਾਰੇ ਤਾਂ ਹੋਸਟਲਾਂ 'ਚ ਰਹਿੰਦੇ ਸੀ ਅਤੇ ਇਕਲੇ ਭਗਵਤੀ ਆਪਣੀ ਸੁਪਤਨੀ ਦੁਰਗਾ ਨਾਲ ਹਵੇਲੀ ਨੁਮਾ ਕੋਠੀ ਵਿੱਚ ਰਹਿੰਦੇ ਸਨ, ਜੋ ਉਹਨਾਂ ਨੂੰ ਕਾਫ਼ੀ ਧੰਨ-ਦੌਲਤ ਸਮੇਤ ਪਿਤਰੀ ਵਿਰਸੇ 'ਚ ਮਿਲੀ ਹੋਈ ਸੀ; ਉਹਨਾਂ ਦੇ ਪਿਤਾ ਜੀ 1919 'ਚ ਗੁਜ਼ਰ ਗਏ ਸੀ, ਜਦ ਕਿ ਮਾਤਾ ਜੀ ਤਾਂ ਬਹਤ ਪਹਿਲਾਂ ਸੁਰਗਵਾਸ ਹੋ ਚੁਕੇ ਹੋਏ ਸੀ।

ਬਸ ਵੇਖਦਿਆਂ-ਵੇਖਦਿਆਂ ਹੀ ਉਹਨਾਂ ਦਾ ਘਰ ਨੌਜਵਾਨ ਇਨਕਲਾਬੀਆਂ, ਕਲਾਕਾਰਾਂ, ਸਾਹਿਤਕਾਰਾਂ ਦਾ ਅਠੇ ਪਹਿਰ ਖੁਲ੍ਹਾ ਮੰਚ ਬਣ ਗਿਆ, ਜਿੱਥੇ ਫ਼ਰਾਗਦਿਲ ਭਗਵਤੀ 'ਭਾਈ' ਅਤੇ ਅਣਥਕ ਮੀਜ਼ਬਾਨ, ਦੁਰਗਾ 'ਭਾਬੀ' ਦੇ ਸਿਰ ਤੇ ਲੰਗਰ ਵੀ ਦਿਨ-ਰਾਤ ਚਲਦਾ ਸੀ।

ਰਾਜ਼ਸੀ ਪਿੜ ਵਿੱਚ ਉਨ੍ਹੀ ਦਿਨੀਂ ਗਾਂਧੀ ਜੀ ਦਾ 'ਬੋਲਬਾਲਾ' ਸੀ ਤੇ ਇਹ ਸਾਰੇ ਵੀ ਉਹਨਾਂ ਦੇ ਪੈਰੋਕਾਰ ਹੀ ਸਨ, ਤੇ ਉਹਨਾਂ ਦੇ ਸੱਦੇ ਤੇ ਹੀ ਰਵਾਇਤੀ ਸਕੂਲ-ਕਾਲੇਜ ਤਿਆਗ ਕੇ ਨੇਸ਼ਨਲ ਕਾਲੇਜ ਆ ਦਾਖ਼ਲ ਹੋਏ ਸਨ, ਪਰ ਜਦੋਂ 1922 'ਚ ਚੋਰੀ-ਚੋਰਾ ਕਾਂਡ ਦੀ ਆੜ ਲੈ ਕੇ ਗਾਂਧੀ ਜੀ ਨੇ ਯੱਕਤਰਫਾ ਤੌਰ ਤੇ ਅੰਦੋਲਨ ਰੋਕ ਲਿਆ ਤਾਂ ਇਹ ਨੌਜਵਾਨ ਘੋਰ ਨਿਰਾਸ਼ਾ ਅਧੀਨ, ਬਦਲ-ਤਲਾਸ਼ਣ 'ਚ ਜੁਟ ਗਏ। ਸਾਲ-ਦੋ ਸਾਲ, ਵਿੱਚ ਹੀ ਯੂ.ਪੀ. 'ਚ ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ (ਐਚ.ਆਰ.ਏ.) ਨਾਂ ਦੀ ਇਨਕਲਾਬੀ ਜਥੇਬੰਦੀ ਦੇ ਗਠਨ ਪਿਛੋਂ ਉਹ ਸਾਰੇ ਉਸ ਵਿੱਚ ਸਰਗਰਮ ਹੋ ਗਏ ਸਨ।

**ਸੁਸ਼ੀਲਾ 'ਦੀਦੀ' — ਦੋ ਗੁਜਰਾਤੀਆਂ ਨਾਲ ਇੱਕ ਹੋਰ 'ਗੁਜਰਾਤਨ'**

ਪਤਾ ਨਹੀਂ ਕਿ ਇਹ ਸੰਜੋਗ 'ਧੁਰੋਂ' ਲਿਖਿਆ ਹੋਇਆ ਸੀ ਜਾਂ ਹਾਲਾਤ ਦਾ ਗੇੜ ਕਿ ਭਗਵਤੀ 'ਭਾਈ' ਤੇ ਦੁਰਗਾ 'ਭਾਬੀ' ਨਾਲ ਇੱਕ ਮਿਕ ਹੋ ਗਈ ਸੁਸ਼ੀਲਾ 'ਦੀਦੀ' ਜਿਵੇਂ ਗੰਗਾ-ਜਮੁਨਾ ਦੇ ਸੰਗਮ ਤੇ ਸਰਸਵਤੀ ਆ ਮਿਲੀ ਹੋਵੇ! ਪਿਛਲ ਝਾਂਤ ਮਾਰਦਿਆਂ ਇਹ ਜ਼ਿਕਰ ਕਰਨਾ ਬੇਲੋੜਾ ਨਹੀਂ ਹੋਵੇਗਾ ਕਿ ਵੰਡ=ਵੰਡਾਰੇ ਤੋਂ ਪਹਿਲਾਂ ਪੰਜਾਬ 'ਚ 'ਗੁਜਰਾਤ' ਇੱਕ ਜ਼ਿਲ੍ਹੇ ਦਾ ਨਾਂ ਸੀ ਜੋ ਝਨਾ ਦਰਿਆ ਦੇ ਪਹਾੜ ਵਾਲੇ ਪਾਸੇ ਸਿਥਤ ਹੈ, ਤੇ ਇਸ ਲਈ ਦੋਹਾਂ ਗੁਜਰਾਤਾਂ ਦੇ ਵਖਰੇਵੇ ਨੂੰ ਦਰਸਾਉਣ ਲਈ ਦੂਰ-ਦਰਾਡੇ ਵਾਲੇ ਗੁਜਰਾਤ ਸੂਬੇ ਨੂੰ ਪੰਜਾਬ 'ਚ 'ਗੁਜਰਾਤ ਕਾਠੀਆਵਾੜ' ਕਿਹਾ ਕਰਦੇ ਸੀ। ਸੋ ਤੀਜੀ ਗੁਜਰਾਤੀ ਧਿਰ, 'ਓਸ' ਗੁਜਰਾਤ ਦੀ ਬਜਾਏ 'ਏਸ' ਗੁਜਰਾਤ ਦੀ ਸੀ। ਸੁਸ਼ੀਲਾ ਵੀ 'ਓਸੇ' ਮਿੱਟੀ ਦੀ ਬਣੀ ਹੋਈ ਹੋਣ ਸਦਕਾ ਵੋਹਰਾ ਪਰਿਵਾਰ ਦੇ ਅੰਗ-ਸੰਗ ਹੀ ਰਹੀ ਤੇ ਓਵੇਂ ਹੀ ਸੰਕਟ ਵੇਲੇ ਬਹੁੜਦੀ ਰਹੀ ਅਤੇ ਇਵੇਂ ਇਹ ਤ੍ਰੈ-ਮੂਰਤੀ, ਅਤੀ-ਸੰਕਟਮਈ ਮੌਕਿਆਂ ਤੇ ਪਾਰਟੀ ਦੀ ਲਾਜ ਰੱਖਣ ਦੇ ਮਾਮਲੇ 'ਚ ਪੇਸ਼-ਪੇਸ਼ ਰਹੀ ਸੀ।

ਸੁਸ਼ੀਲਾ ਦੇ ਪਰਿਵਾਰਿਕ ਸੰਸਕਾਰ, ਵੋਹਰਾ ਪਰਿਵਾਰ ਦੇ ਉਲਟ ਅਗਾਂਹ ਵਧੂ ਸਨ। ਇਹਦੇ ਪਿਤਾ, ਗੁਜਰਾਤ ਜ਼ਿਲ੍ਹੇ ਦੇ ਦੁਤੋ-ਚੂਹੜ ਪਿੰਡ ਤੋਂ ਡਾਕਟਰ ਕਰਮ ਚੰਦ, ਅੰਗ੍ਰੇਜ਼ੀ ਫ਼ੌਜ ਵਿੱਚ ਸਨ, ਜਿਥੋਂ ਉਹ 1927 'ਚ ਰਿਟਾਇਰ ਹੋਏ; ਪਰ, ਧੁਰ ਅੰਦਰੋਂ ਉਹ ਉਸ ਨੌਕਰੀ ਤੋਂ ਪਹਿਲੀ ਜੰਗ ਦੌਰਾਨ ਹੀ ਨਿਰਾਸ਼ ਹੋ ਚੁਕੇ ਹੋਏ ਸਨ, ਜਦੋਂ ਕਿ ਉਹ ਨੇ ਵਿਦੇਸ਼ੀ ਹਾਕਮਾਂ ਦੀ ਸ਼ੈਤਾਨੀ ਖੇਡ ਨੂੰ ਨੇੜਿਉ ਦੇਖਿਆ ਸੀ ਤੇ ਇਹ ਮਹਿਸੂਸ ਕੀਤਾ ਕਿ ਕਿਵੇਂ ਇਹਨਾਂ ਜ਼ਾਲਮਾਂ ਨੇ **ਕੇਵਲ ਆਪਣੀ ਚੌਧਰ ਬਚਾਉਣ ਖ਼ਾਤਰ ਹਜ਼ਾਰਾਂ ਹਿੰਦੀ ਨੌਜਵਾਨਾਂ ਦੀਆਂ ਜਿੰਦਾ ਮਿੱਟੀ 'ਚ ਰਲ ਗੁਆਈਆਂ ਸਨ।** ਕਾਫ਼ੀ ਸਮਾਂ ਪਹਿਲਾਂ ਤੋਂ ਹੀ ਉਹ ਕਾਂਗਰੇਸ ਦੇ ਗਰਮ ਦਲੀਏ ਨੇਤਾਂ ਬਾਲ ਗੰਗਾਧਰ ਤਿਲਕ ਦੇ ਉਪਾਸ਼ਕ ਚਲੇ ਆ ਰਹੇ ਸਨ।

ਵੱਡਾ ਹੰਭਲਾ ਪਿਤਾ ਨੇ ਇਹ ਮਾਰਿਆ ਕਿ ਬੱਚਿਆਂ ਨੂੰ ਸਰਕਾਰੀ ਜਾਂ ਨੀਮ ਸਰਕਾਰੀ ਸਕੂਲਾਂ-ਕਾਲਜਾਂ 'ਚ ਦਾਖਲ ਨਾ ਕਰਾਉਣ ਦਾ ਮਨ ਬਣਾ ਲਿਆ, ਜਿਸ ਕਰਕੇ ਬੇਟੀ ਦਾ ਵੋਹਰਾ ਪਰਿਵਾਰ ਨਾਲ ਮੇਲ ਹੋਇਆ ਸੀ। ਇਨ੍ਹਾਂ ਦੀ ਇੱਕ 'ਸਾਂਝ' ਹੋਰ ਸੀ, ਕਿ ਦੀਦੀ ਦੇ ਮਾਤਾ ਦਾ ਦੇਹਾਂਤ ਵੀ ਉਦੋਂ ਹੋ ਗਿਆ ਸੀ, ਜਦੋਂ ਸੁਸ਼ੀਲਾ, ਜੋ ਉਹਨਾਂ ਦੀ ਪਲੇਠੀ ਔਲਾਦ ਸੀ, ਅਜੇ ਛੋਟੀਆਂ ਜਮਾਤਾਂ 'ਚ ਹੀ ਸੀ ਤੇ ਇਸ ਨੂੰ ਆਪਣੇ ਛੋਟੇ ਭੈਣ-ਭਰਾਵਾਂ ਦੀ ਪਰਵਰਿਸ਼ ਲਈ ਮਾਂ ਦਾ ਰੋਲ ਵੀ ਨਿਭਾਉਣਾ ਪਿਆ। ਪਿਤਾ ਨੇ ਆਪਣੀ ਜ਼ਿੰਮੇਵਾਰੀ ਆਪਣੇ ਛੋਟੇ ਭਰਾ ਨੂੰ, ਜੋ ਉਨ੍ਹਾਂ ਵਾਂਗ ਹੀ ਡਾਕਟਰ ਸੀ ਤੇ

ਨਾਲ ਲਗਦੇ ਸ਼ਹਿਰ ਗੁਜਰਾਂਵਾਲਾ 'ਚ ਰਹਿੰਦਾ ਸੀ, ਸੌਂਪ ਦਿੱਤੀ [**ਲੇਖਕ ਦਾ ਜੱਦੀ-ਪਿੰਡ ਗੁਜਰਾਂਵਾਲਾ ਦੇ ਨਾਲ ਹੀ ਪੈਂਦਾ ਹੈ**]। ਪਰ, ਕਿਉਂਕਿ ਇਹ ਬੱਚੇ ਅਜੇ ਨੈਸ਼ਨਲ ਸਕੂਲ 'ਚ ਦਾਖ਼ਲੇ ਦੇ ਯੋਗ ਨਹੀਂ ਸਨ, ਇਹਨਾਂ ਕੀ ਮੁੱਢਲੀ ਪੜ੍ਹਾਈ ਖੁਦ ਸੁਸ਼ੀਲਾ ਘਰ 'ਚ ਹੀ ਕਰਾਉਂਦੀ ਰਹੀ ਸੀ। ਜਦੋਂ ਇਹ ਨੈਸ਼ਨਲ ਸਕੂਲ ਦਾਖਲੇ ਯੋਗ ਹੋ ਗਏ ਤਾਂ ਇਹਨਾਂ ਨੂੰ ਲਾਹੌਰ ਨੈਸ਼ਨਲ ਸਕੂਲ 'ਚ ਪਾਕੇ ਆਪ 1921 'ਚ ਕੰਨਿਆ ਮਹਾਵਿਦਾਲਿਆ ਜਲੰਧਰ ਜਾ ਦਾਖ਼ਲ ਹੋਈ। ਇਸ ਕਾਲਜ 'ਚ ਉਹਨੇ 6 ਸਾਲ ਪੜ੍ਹਾਈ ਕੀਤੀ ਤੇ ਇਸ ਕੌਮੀ ਕਾਲਜ ਦੀ ਦੇਸ਼ ਭਗਤ ਪ੍ਰਿੰਸੀਪਲ, ਕੁਮਾਰੀ ਲਜਿਆਵੱਤੀ ਦੀ ਦੇਖ-ਰੇਖ ਹੇਠਾਂ ਇਹਦੀ ਸ਼ਖਸੀਅਤ ਦਾ ਵਿਕਾਸ ਹੋਇਆ। ਜਦੋਂ ਅਜੇ ਉਹ ਵਿਦਿਆਰਥੀ ਹੀ ਸੀ ਤਾਂ ਉਹ ਦੇਸ਼ਭਗਤੀ ਦੇ ਜੋਸ਼ੀਲੇ ਗੀਤ ਲਿਖਣ ਲੱਗ ਪਈ ਸੀ, ਜਿਨ੍ਹਾਂ ਵਿੱਚ ਲਾਲਾ ਲਾਜਪਤ ਰਾਏ ਦੀ ਗ੍ਰਿਫਤਾਰੀ ਤੇ ਰੋਹ ਵਜੋਂ ਲਿਖੀ ਕਵਿਤਾ "ਗਿਆ ਵਿਆਹੁਣ ਆਜ਼ਾਦੀ ਲਾੜਾ ਭਾਰਤ ਦਾ", ਛਪਵਾ ਕੇ ਵੰਡੀ ਗਈ ਤਾਂ ਇਹ 'ਹਿਟ' ਹੋ ਨਿਕਲੀ ਸੀ।

ਇਸੇ ਸੰਸਥਾ ਚੋਂ ਹੀ ਲੜਕੀਆਂ ਦੀ ਇੱਕ ਟੋਲੀ ਨੇ 1926 ਦੌਰਾਨ ਦੇਹਰਾਦੂਨ ਵਿਖੇ ਹਿੰਦੀ ਸਾਹਿਤ ਸੱਮੇਲਨ ਵਿੱਚ ਹਾਜ਼ਰੀ ਭਰੀ ਸੀ, ਜਿੱਥੇ ਪੰਜਾਬ ਤੋਂ ਭਗਤ ਸਿੰਘ, ਯਸ਼ਪਾਲ, ਭਗਵਤੀ ਚਰਨ ਤੇ ਦੁਰਗਾ 'ਭਾਬੀ' ਵਰਗੇ ਨੌਜਵਾਨ ਵੀ ਪਹੁੰਚੇ ਹੋਏ ਸੀ। ਇੱਥੇ ਹੀ ਪਹਿਲੀ ਵਾਰੀ 'ਦੀਦੀ' ਦਾ ਮੇਲ 'ਵੋਹਰਾ ਜੋੜੀ' ਨਾਲ ਹੋਇਆ ਸੀ, ਤੇ ਕਿਉਂਕਿ ਅਜੇ ਉਹਦੇ ਪਿਤਾ ਜੀ, ਅਜੇ ਫ਼ੌਜੀ ਨੌਕਰੀ ਵਿੱਚ ਸਨ, ਤੇ ਬੇਟੀ ਦੀਆਂ ਰਾਜਸੀ ਸਰਗਰਮੀਆਂ ਦੇ ਮੱਦੇ-ਨਜ਼ਰ ਛੁੱਟੀਆਂ ਦੌਰਾਨ ਸੁਸ਼ੀਲਾ ਉਹਨਾਂ ਕੋਲ ਜਾਣਾ ਉਚਿਤ ਨਹੀਂ ਸੀ; ਪ੍ਰਿੰਸੀਪਲ ਲਜਿਆਵੱਤੀ ਦੇ ਸੁਝਾਅ 'ਤੇ 'ਦੀਦੀ' ਨੇ ਛੁੱਟੀਆਂ ਵੋਹਰਾ ਪਰਿਵਾਰ ਨਾਲ ਹੀ ਬਿਤਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਸ ਤਰ੍ਹਾਂ ਆਪਸੀ ਰਿਸ਼ਤਿਆਂ ਦੀਆਂ ਤੰਦਾਂ ਪੀੜੀਆਂ-ਦਰ-ਪੀੜੀਆਂ ਹੁੰਦੀਆਂ ਗਈਆਂ। ਪਿੱਛੋਂ ਜਾਕੇ 'ਦੀਦੀ' ਨੂੰ ਕਲਕੱਤੇ ਰਹਿੰਦੇ ਧਨਾਡ ਪੰਜਾਬੀ ਸੇਠ ਛੱਜੂ ਮੱਲ ਦੀ ਬੇਟੀ ਦੇ ਘਰੇਲੂ-ਅਧਿਆਪਕ ਦੇ ਤੌਰ ਤੇ ਵੀ ਉਨ੍ਹਾਂ ਨੇ ਹੀ ਲੁਆਇਆ ਸੀ; ਸੇਠ ਜੀ, ਸਰਕਾਰੀ ਠੇਕੇਦਾਰ ਹੋਣ ਦੇ ਬਾਵਜੂਦ ਆਪਣੀ ਬੇਟੀ ਨੂੰ, 'ਦੀਦੀ' ਦੇ ਪਿਤਾ ਵਾਂਗ ਸਰਕਾਰੀ ਜਾਂ ਨੀਮ ਸਰਕਾਰੀ ਸਕੂਲਾਂ 'ਚ ਨਹੀਂ ਪੜ੍ਹਾਉਣਾ ਚਾਹੁੰਦੇ ਸੀ, ਇਸ ਲਈ ਉਹਨਾਂ ਨੂੰ ਭਰੋਸੇਯੋਗ ਘਰੇਲੂ ਉਸਤਾਦ ਦੀ ਲੋੜ ਸੀ। ਭਗਤ ਸਿੰਘ, 'ਭਾਬੀ' ਅਤੇ ਸ਼ਚੀ 22 ਦਸੰਬਰ 1928 ਨੂੰ ਕਲਕੱਤੇ ਪਹੁੰਚੇ ਸਨ ਅਤੇ ਦਸੰਬਰ ਦੇ ਆਖਰੀ ਹਫ਼ਤੇ ਤੱਕ ਸੇਠ ਜੀ ਦੀ ਹਵੇਲੀ ਵਿੱਚ ਠਹਿਰੇ ਸੀ, ਜਿੱਥੇ ਭਗਵਤੀ ਚਰਨ ਵੀ ਸੀ ਤੇ ਭਗਤ ਸਿੰਘ ਦਾ ਇੱਕ ਹੋਰ ਬੇਲੀ, ਜਸਵੰਤ ਸਿੰਘ ਉਰਫ਼ ਝੰਡਾ ਸਿੰਘ ਵੀ ਸੀ।

ਪਿਛੋਂ ਜਾ ਕੇ ਜਦੋਂ 10 ਜੁਲਾਈ 1929 ਨੂੰ ਭਗਤ ਸਿੰਘ ਅਤੇ ਸਾਥੀਆਂ ਵਿਰੁੱਧ ਲਾਹੌਰ ਵਿਖੇ ਸਪੈਸ਼ਲ ਮੈਜਿਸਟਰੇਟ ਦੀ ਅਦਾਲਤੇ ਮੁਕਦਮਾ ਸ਼ੁਰੁ ਹੋਇਆ, ਤਾਂ ਉਨ੍ਹੀਂ ਦਿਨੀਂ ਦੁਰਗਾ ਭਾਬੀ ਦਾ ਘਰ ਹੀ ਇਨਕਲਾਬੀਆਂ ਦੇ ਮੁਕਦਮੇ ਦੀ ਪੈਰਵਾਈ ਲਈ ਬਾਹਰੋ ਤੇ ਡਿਫੈਂਸ ਕਮੇਟੀ ਦਾ ਕੰਮ-ਚਲਾਊ ਹੈਡਕੁਆਟਰ ਵੀ, ਜਿੱਥੇ ਦਿਨ-ਰਾਤ ਆਉਣ-ਜਾਣ ਵਾਲਿਆਂ ਦਾ ਝੁਰਮਟ ਲੱਗਿਆ ਹੀ ਰਹਿੰਦਾ ਸੀ। ਦੁਰਗਾ ਭਾਬੀ ਨੇ ਜਿੱਥੇ ਆਏ-ਗਏ ਦੇ ਲੰਗਰ-ਪਾਣੀ ਦਾ ਜੁਗਾੜ ਕਰਨਾ ਹੁੰਦਾ ਸੀ, ਉਥੇ ਵਕੀਲਾਂ ਤੇ ਜੇਲ੍ਹ 'ਚ ਬੰਦ ਸਾਥੀਆਂ ਨਾਲ ਮਿਲਾਪ ਰੱਖਣਾ ਵੀ ਭਾਬੀ ਦੇ ਜਿਮੇਂ ਹੀ ਸੀ; ਸੋ ਉਨ੍ਹੀਂ ਦਿਨੀਂ ਸੁਸ਼ੀਲਾ ਦੀਦੀ ਸਭ ਕੁੱਝ ਛੱਡ-ਛੱਡਾਕੇ ਭਾਬੀ ਨਾਲ ਜੁਟ ਗਏ ਸੀ, ਤੇ ਮਾਰਚ-ਅਪ੍ਰੈਲ 1931 ਤੱਕ ਲਾਹੌਰ 'ਚ ਹੀ ਡੱਟੇ ਰਹੇ ਸੀ।

ਪਿੱਛੋਂ ਜਾ ਕੇ ਉਹਨਾਂ ਸ਼ਾਦੀ ਕਰਵਾਈ ਤੇ ਕਾਂਗਰਸ ਦੇ ਕਾਰਕੁਣ ਵਜੋਂ ਸਰਗਰਮ ਰਹੇ ਅਤੇ 15 ਜਨਵਰੀ 1963 ਨੂੰ ਅੰਤਮ ਵਿਛੋੜਾ ਦੇ ਗਏ ਸੀ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314, 6576116
ਈਮੇਲ: mjswaraich29@gmail.com